ਇਹ ਜਾਣਕਾਰੀ ਇਹ ਦੱਸਦੀ ਹੈ ਕਿ ਕਿਸੇ ਸਿਹਤ ਮਾਹਰ ਤੋਂ ਸਲਾਹ ਅਤੇ ਮਦਦ ਲੈਣ ਲਈ WCAT ਨੂੰ ਕਿਵੇਂ ਕਹਿਣਾ ਹੈ। ਜ਼ਿਆਦਾ ਜਾਣਕਾਰੀ ਸਾਡੀ ਵੈੱਬਸਾਈਟ ਉੱਪਰ ਦੇਖੋ: wcat.bc.ca ਜਾਂ ਮਦਦ ਮੰਗਣ ਲਈ ਸਾਡੀ ਟੀਮ ਨੂੰ 604-664-7800 ਜਾਂ 1-800-663-2782 'ਤੇ ਫੋਨ ਕਰੋ।

# ਕਿਸੇ ਆਜ਼ਾਦ ਸਿਹਤ ਮਾਹਰ ਤੋਂ ਸਲਾਹ ਲੈਣ ਲਈ WCAT ਨੂੰ ਪੁੱਛੋ।

ਜਦੋਂ WCAT ਨੂੰ ਅਪੀਲ ਦਾ ਫੈਸਲਾ ਕਰਨ ਲਈ ਹੋਰ ਡਾਕਟਰੀ ਜਾਣਕਾਰੀ ਦੀ ਲੋੜ ਹੁੰਦੀ ਹੈ, ਤਾਂ ਇਹ ਕਿਸੇ ਆਜ਼ਾਦ ਸਿਹਤ ਮਾਹਰ ਤੋਂ ਰਾਏ ਮੰਗ ਸਕਦਾ ਹੈ। ਸਿਹਤ ਮਾਹਰ ਵਰਕਸੇਫਬੀਸੀ ਜਾਂ ਧਿਰਾਂ ਨਾਲ ਜੁੜਿਆ ਹੋਇਆ ਨਹੀਂ ਹੁੰਦਾ। ਉਨ੍ਹਾਂ ਦੀ ਭੂਮਿਕਾ WCAT ਦੀ ਮਦਦ ਕਰਨਾ ਹੁੰਦਾ ਹੈ।

ਇੱਕ ਆਜ਼ਾਦ ਸਿਹਤ ਮਾਹਰ WCAT ਨੂੰ ਇਹਨਾਂ ਸਵਾਲਾਂ ਦੇ ਜਵਾਬ ਦੇਣ ਵਿੱਚ ਮਦਦ ਕਰ ਸਕਦਾ ਹੈ:

- ਕੀ ਸੱਟ ਜਾਂ ਬਿਮਾਰੀ ਕੰਮ ਨਾਲ ਸਬੰਧਿਤ ਹੈ?
- ਕੀ ਬਾਅਦ ਦੀ ਹਾਲਤ ਕੰਮ ਦੀ ਸੱਟ ਨਾਲ ਸਬੰਧਿਤ ਹੈ?
- ਕੀ ਵਰਕਰ ਕਿਸੇ ਸੱਟ ਕਾਰਨ ਡਿਸਏਬਲ ਹੋਇਆ ਸੀ?
- ਕੀ ਵਰਕਰ ਦੀ ਡਿਸਏਬਿਲਟੀ ਪੱਕੀ ਹੈ?

ਇੱਕ ਵਾਈਸ ਚੇਅਰ (ਉਹ ਵਿਅਕਤੀ ਜੋ ਤੁਹਾਡੀ ਅਪੀਲ ਦਾ ਫੈਸਲਾ ਕਰਦਾ ਹੈ) ਇਹ ਫੈਸਲਾ ਕਰਦਾ ਹੈ ਕਿ ਇਹ ਰਾਏ ਲੈਣੀ ਹੈ ਜਾਂ ਨਹੀਂ। ਲੇਕਿਨ, ਵਰਕਰ, ਇਮਪਲੌਏਅਰ ਜਾਂ ਮ੍ਰਿਤਕ ਵਰਕਰ ਦਾ ਵਾਰਸ ਵਾਈਸ ਚੇਅਰ ਨੂੰ ਅਜਿਹਾ ਕਰਨ ਲਈ ਕਹਿ ਸਕਦਾ ਹੈ। ਇਹ ਬੇਨਤੀ ਕਰਨ ਲਈ, ਸਾਡੀ ਵੈੱਬਸਾਈਟ 'ਤੇ ਫਾਰਮ ਭਰੋ: wcat.bc.ca > prepare your case > collect evidence > ask for advice from a health professional

> ਪੁੱਛਣ ਤੋਂ ਪਹਿਲਾਂ, ਆਪਣੀ ਅਪੀਲ ਲਈ ਸਬੂਤ ਪ੍ਰਾਪਤ ਕਰਨ ਦੇ ਹੋਰ ਤਰੀਕਿਆਂ ਬਾਰੇ ਸੋਚੋ। ਤੁਸੀਂ ਆਪਣੇ ਡਾਕਟਰ ਨੂੰ ਡਾਕਟਰੀ ਰਾਏ ਦੇਣ ਲਈ ਕਹਿ ਸਕਦੇ ਹੋ। ਇਹ ਤੁਹਾਨੂੰ ਕਾਰਵਾਈ 'ਤੇ ਵਧੇਰੇ ਕੰਟਰੋਲ ਦਿੰਦਾ ਹੈ। ਤੁਸੀਂ ਵਾਈਸ ਚੇਅਰ ਨੂੰ ਹੋਰ ਮੈਡੀਕਲ ਰਿਕਾਰਡਾਂ ਦੀ ਬੇਨਤੀ ਕਰਨ ਲਈ ਵੀ ਕਹਿ ਸਕਦੇ ਹੋ।
>
> ਸਾਡੀ ਵੈੱਬਸਾਈਟ 'ਤੇ ਹੋਰ ਜਾਣੋ: WCAT.BC.CA > PREPARE YOUR CASE > COLLECT EVIDENCE > EXPERT EVIDENCE
>
> ਜੇਕਰ ਤੁਸੀਂ ਕਿਸੇ ਆਜ਼ਾਦ ਸਿਹਤ ਮਾਹਰ ਦੀ ਰਾਏ ਮੰਗਦੇ ਹੋ, ਤਾਂ ਦੇਰੀ ਹੋ ਸਕਦੀ ਹੈ। ਕਿਸੇ ਸਿਹਤ ਮਾਹਰ ਤੋਂ ਮਦਦ ਜਾਂ ਸਲਾਹ ਲੈਣ ਲਈ ਤਾਲਮੇਲ ਕਰਨ ਅਤੇ ਕਾਰਵਾਈ ਨੂੰ ਪੂਰਾ ਕਰਨ ਵਿੱਚ ਸਮਾਂ ਲੱਗਦਾ ਹੈ।

# ਤੁਹਾਡੇ ਪੁੱਛਣ ਤੋਂ ਬਾਅਦ

ਵਾਈਸ ਚੇਅਰ ਇਹ ਫੈਸਲਾ ਕਰੇਗਾ ਕਿ ਕੀ ਕਿਸੇ ਆਜ਼ਾਦ ਸਿਹਤ ਮਾਹਰ ਤੋਂ ਮਦਦ ਲੈਣੀ ਹੈ। ਜੇਕਰ ਉਹ ਰਾਏ ਮੰਗਦੇ ਹਨ, ਤਾਂ ਉਹ ਇੱਕ ਅਜਿਹੇ ਸਿਹਤ ਮਾਹਰ ਦੀ ਚੋਣ ਕਰਨਗੇ:

- ਜਿਸ ਨੇ ਵਰਕਰ ਦਾ ਇਲਾਜ ਨਹੀਂ ਕੀਤਾ ਜਾਂ ਚੈੱਕ ਨਹੀਂ ਕੀਤਾ
- ਜਿਹੜਾ ਵਰਕਸੇਫਬੀਸੀ ਤੋਂ ਆਜ਼ਾਦ ਹੈ
- ਜਿਹੜਾ ਯੋਗਤਾ ਪ੍ਰਾਪਤ ਮੈਡੀਕਲ ਪ੍ਰੈਕਟੀਸ਼ਨਰ, ਰਜਿਸਟਰਡ ਦੰਦਾਂ ਦਾ ਡਾਕਟਰ (ਡੈਂਟਿਸਟ) ਜਾਂ ਰਜਿਸਟਰਡ ਮਨੋਵਿਗਿਆਨੀ (ਸਾਇਕੋਲੋਜਿਸਟ) ਹੈ

WCAT ਆਮ ਤੌਰ 'ਤੇ ਆਜ਼ਾਦ ਸਿਹਤ ਮਾਹਰ ਨੂੰ ਇਹ ਭੇਜੇਗਾ:

- ਉਹ ਤੱਥ ਜੋ ਉਹ ਸਵੀਕਾਰ ਕਰਦੇ ਹਨ
- ਉਹ ਸਵਾਲ ਜਿਨ੍ਹਾਂ ਦੇ ਉਹ ਜਵਾਬ ਚਾਹੁੰਦੇ ਹਨ
- ਉਹ ਡਾਕਟਰੀ ਦਸਤਾਵੇਜ਼ ਜਿਨ੍ਹਾਂ 'ਤੇ ਸਿਹਤ ਮਾਹਰ ਨੂੰ ਝਾਤ ਮਾਰਨੀ ਚਾਹੀਦੀ ਹੈ

ਜਦੋਂ ਰਾਏ ਤਿਆਰ ਹੋ ਜਾਵੇਗੀ, ਅਪੀਲ ਵਿੱਚ ਹਿੱਸਾ ਲੈ ਰਹੇ ਹਰ ਕਿਸੇ ਨੂੰ ਸਿਹਤ ਮਾਹਰ ਨੂੰ ਭੇਜੀ ਗਈ ਜਾਣਕਾਰੀ ਦੀ ਇੱਕ ਕਾਪੀ ਮਿਲੇਗੀ। ਉਹਨਾਂ ਨੂੰ ਸਿਹਤ ਮਾਹਰ ਦੀ ਰਿਪੋਰਟ ਦੀ ਕਾਪੀ ਵੀ ਮਿਲੇਗੀ ਅਤੇ ਉਹ ਇਸ ਉੱਪਰ ਟਿੱਪਣੀ ਕਰਨ ਦੇ ਯੋਗ ਹੋਣਗੇ।

## ਮਦਦ ਚਾਹੀਦੀ ਹੈ?

**ਕਿਸੇ ਨੁਮਾਇੰਦੇ (ਰੈਪਰਜ਼ਿਨਟੇਟਿਵ) ਦੀ ਮਦਦ ਲਓ।** ਜੇਕਰ ਤੁਹਾਨੂੰ ਮਦਦ ਦੀ ਲੋੜ ਹੈ, ਤਾਂ ਤੁਸੀਂ ਕਿਸੇ ਨੂੰ ਆਪਣੀ ਮਦਦ ਕਰਨ ਲਈ ਮੁਖਤਾਰ ਬਣਾ ਸਕਦੇ ਹੋ। ਉਹ ਕੋਈ ਵਕੀਲ, ਮੁਆਵਜ਼ਾ ਸਲਾਹਕਾਰ (ਕੰਪਨਸੇਸ਼ਨ ਕਨਸਲਟੈਂਟ), ਯੂਨੀਅਨ ਜਾਂ ਇਮਪਲੌਏਅਰਜ਼ ਦੀ ਐਸੋਸੀਏਸ਼ਨ ਦਾ ਕੋਈ ਵਿਅਕਤੀ, ਪਰਿਵਾਰ ਦਾ ਮੈਂਬਰ ਜਾਂ ਦੋਸਤ ਹੋ ਸਕਦਾ ਹੈ। ਕਿਰਪਾ ਕਰਕੇ ਧਿਆਨ ਦਿਓ ਕਿ WCAT ਤੁਹਾਨੂੰ ਨੁਮਾਇੰਦਾ ਨਿਯੁਕਤ ਕਰਨ ਦੀ ਲਾਗਤ ਦੀ ਭਰਪਾਈ ਨਹੀਂ ਕਰਦਾ ਹੈ।

**ਕਿਸੇ ਸਲਾਹਕਾਰ (ਐਡਵਾਈਜ਼ਰ) ਨਾਲ ਗੱਲ ਕਰੋ।** ਵਰਕਰਾਂ ਅਤੇ ਇਮਪਲੌਏਅਰਾਂ ਦੇ ਸਲਾਹਕਾਰ ਦਫ਼ਤਰ ਉਹਨਾਂ ਲੋਕਾਂ ਨੂੰ ਮੁਫ਼ਤ ਮਦਦ ਪ੍ਰਦਾਨ ਕਰਨ ਲਈ ਬਣਾਏ ਗਏ ਸਨ ਜੋ ਵਰਕਸੇਫਬੀਸੀ ਦੇ ਫੈਸਲੇ ਨਾਲ ਅਸਹਿਮਤ ਹੋਣ। ਉਹ ਵਰਕਸੇਫਬੀਸੀ ਤੋਂ ਆਜ਼ਾਦ ਹਨ ਅਤੇ ਕਿਰਤ ਮੰਤਰਾਲੇ ਦਾ ਹਿੱਸਾ ਹਨ।

ਵਰਕਰਜ਼ ਐਡਵਈਜ਼ਰਜ਼ ਆਫਿਸ
www.gov.bc.ca/workersadvisers
1-800-663-4261 (ਬੀ.ਸੀ. ਵਿੱਚ ਮੁਫਤ)

ਇਮਪਲੌਏਅਰਜ਼ ਐਡਵਾਈਜ਼ਰਜ਼ ਆਫਿਸ
www.gov.bc.ca/employersadvisers
1-800-925-2233 (ਬੀ.ਸੀ. ਵਿੱਚ ਮੁਫਤ)

**WCAT ਨਾਲ ਸੰਪਰਕ ਕਰੋ।** ਤੁਹਾਡੀ ਅਪੀਲ ਨੂੰ ਸਹੀ ਥਾਂ 'ਤੇ ਰੱਖਣ ਵਿੱਚ ਮਦਦ ਲਈ WCAT ਦਾ ਸਟਾਫ ਮਦਦ ਕਰ ਸਕਦਾ ਹੈ। ਉਹ ਨਿਰਪੱਖ ਹੁੰਦੇ ਹਨ, ਜਿਸ ਦਾ ਮਤਲਬ ਹੈ ਕਿ ਉਹ ਕਾਨੂੰਨੀ ਸਲਾਹ ਨਹੀਂ ਦਿੰਦੇ ਜਾਂ ਤੁਹਾਡੇ ਨੁਮਾਇੰਦੇ ਵਜੋਂ ਕੰਮ ਨਹੀਂ ਕਰਦੇ।

ਤੁਸੀਂ ਸਾਡੇ ਮੈਨੂਅਲ ਵਿੱਚ ਨਿਯਮਾਂ ਅਤੇ ਕਾਰਵਾਈਆਂ ਬਾਰੇ ਹੋਰ ਜਾਣਕਾਰੀ ਵੀ ਪ੍ਰਾਪਤ ਕਰ ਸਕਦੇ ਹੋ: wcat.bc.ca > resources > manual of rules of practice and procedure